## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ ਨਗਰ।
(ਅਮਲਾ-4 ਸ਼ਾਖਾ)

## ਪਬਲਿਕ ਨੋਟਿਸ

ਇਸ ਦਫਤਰ ਦੇ ਹੁਕਮ ਨੰ: 2/1-2017 ਅ4(5) ਮਿਤੀ 13-7-2018 ਰਾਹੀਂ ਪ੍ਰਾਇਮਰੀ ਟੀਚਰ ਤੋਂ ਮਾਸਟਰ ਕਾਡਰ ਦੇ **ਮੈਥ, ਹਿੰਦੀ, ਇੰਗਲਿਸ਼, ਸਾਇੰਸ ਅਤੇ ਸੋਸ਼ਲ ਸਾਇੰਸ** ਵਿਸ਼ਿਆਂ ਵਿਚ ਤਰੱਕੀਆਂ ਕੀਤੀਆਂ ਗਈਆਂ ਸਨ। ਇਹ ਤਰੱਕੀਆਂ ਕਰਨ ਹਿੱਤ ਇਸ ਦਫਤਰ ਵਲੋਂ ਮਿਤੀ 28-6-2018 ਅਤੇ ਮਿਤੀ 5-7-2018 ਨੂੰ ਸੰਬੰਧਤ ਵਿਸ਼ਿਆਂ ਦੇ ਉਮੀਦਵਾਰਾਂ ਨੂੰ ਬੁਲਾ ਕੇ ਉਹਨਾ ਦੀਆਂ ਵਿਦਿਅਕ ਯੋਗਤਾਵਾਂ ਚੈੱਕ ਕਰਨ ਹਿੱਤ ਕਾਊਂਸਲਿੰਗ ਕੀਤੀ ਗਈ ਸੀ। ਵਿਭਾਗ ਵਲੋਂ ਇਹਨਾਂ ਪ੍ਰਾਇਮਰੀ ਟੀਚਰਾਂ ਦੇ ਮਾਸਟਰ ਕਾਡਰ ਵਿਚ ਉਪਰੋਕਤ ਵਿਸ਼ਿਆਂ ਵਿਚ ਮਿਤੀ 13-7-2018 ਨੂੰ ਤਰੱਕੀ ਦੇ ਹੁਕਮ ਜਾਰੀ ਕੀਤੇ ਗਏ।

ਉਪਰੋਕਤ ਕਾਊਂਸਲਿੰਗ ਦੀ ਪ੍ਰਕ੍ਰਿਆ ਦੌਰਾਨ ਹਾਜ਼ਰ ਹੋਏ ਕੁੱਝ ਉਮੀਦਵਾਰਾਂ ਵਲੋਂ ਇਹ ਇਤਰਾਜ਼ ਦਿੱਤੇ ਗਏ ਹਨ ਕਿ ਉਹਨਾਂ ਦੇ ਨਾਮ ਪ੍ਰੋਮੋਸ਼ਨ ਲਿਸਟ ਵਿਚ ਸ਼ਾਮਲ ਹੋਣ ਤੋਂ ਰਹਿ ਗਏ ਹਨ। ਇਸ ਦੇ ਨਾਲ ਨਾਲ ਉਪਰੋਕਤ ਪ੍ਰਕ੍ਰਿਆ ਵਿਚ ਪੰਜਾਬ ਰਾਜ ਤੋਂ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਪੱਤਰ ਵਿਹਾਰ/ਪ੍ਰਾਈਵੇਟ ਮੋਡ ਰਾਹੀਂ ਯੋਗਤਾ ਹਾਸਲ ਕਰਨ ਵਾਲੇ ਕਰਮਚਾਰੀਆਂ ਦੇ ਤਰੱਕੀ ਦੇ ਕੇਸ ਵੀ ਵਿਭਾਗ ਦੇ ਵਿਚਾਰ ਅਧੀਨ ਹਨ। ਉਪਰੋਕਤ ਤੋਂ ਇਲਾਵਾ ਕੁੱਝ ਕੇਸ ਬਰਾਬਰ ਦੀ ਯੋਗਤਾ ਕਲੇਮ/ਉੱਚ ਯੋਗਤਾ ਕਲੇਮ/ਵਿਸ਼ਾ ਕੰਬੀਨੇਸ਼ਨ/ਅਧੂਰੇ ਡਾਕੂਮੈਂਟਸ ਆਦਿ ਕਰਕੇ ਵੀ ਲੰਬਿਤ ਹਨ। ਉਪਰੋਕਤ ਸਥਿਤੀ ਸੰਬੰਧੀ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਅਜਿਹੇ ਸਾਰੇ ਕੇਸਾਂ ਨੂੰ ਨਿਯਮਾਂ ਅਧੀਨ ਵਿਚਾਰਨ ਉਪਰੰਤ ਮਾਸਟਰ ਕਾਡਰ ਦੀ ਤਰੱਕੀ ਲਈ ਯੋਗ ਉਮੀਦਵਾਰਾਂ ਦੇ ਤਰੱਕੀ ਹੁਕਮ ਮਿਤੀ 7-8-2018 ਨੂੰ ਜਾਰੀ ਕੀਤੇ ਜਾਣਗੇ।

-ਸਹੀ-

ਮਿਤੀ: 01-08-2018

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ:) ਪੰਜਾਬ,
ਐਸ.ਏ.ਐਸ. ਨਗਰ।